# ਇੱਕ ਅੰਗ ਅਤੇ ਟਿਸ਼ੂ ਦਾਨੀ ਬਣਨ ਲਈ ਅੱਜ ਹੀ ਪੰਜੀਕਰਨ ਕਰੋ।

**beadonor.ca**



ServiceOntario | Ontario Trillium Gift of Life Network

## ਇੱਕ ਅੰਗ ਅਤੇ ਟਿਸ਼ੂ ਦਾਨੀ ਬਣਨ ਲਈ ਅੱਜ ਹੀ ਔਨਲਾਈਨ ਪੰਜੀਕਰਨ ਕਰੋ।

ਇੱਕ ਦਾਨੀ ਅੱਠ ਤੱਕ ਜਿੰਦਗੀਆਂ ਬਚਾ ਸਕਦਾ ਹੈ ਅਤੇ 75 ਹੋਰ ਜਿੰਦਗੀਆਂ ਵਿੱਚ ਵਾਧਾ ਕਰ ਸਕਦਾ ਹੈ। **ਕੁਝ ਕੁ ਤੱਥ...**

1. ਸੇਹਤ ਸੰਭਾਲ ਪੇਸ਼ੇਵਰਾਂ ਦਾ ਪਹਿਲਾ ਅਤੇ ਸਰਵ-ਪ੍ਰਥਮ ਕਰੱਤਵ ਕਿਸੇ ਜਿੰਦਗੀ ਨੂੰ ਬਚਾਉਣਾ ਹੁੰਦਾ ਹੈ। ਜਦ ਕੋਈ ਜਿੰਦਗੀ ਬਚਾਈ ਨਹੀਂ ਜਾ ਸਕਦੀ ਕੇਵਲ ਓਦੋਂ ਹੀ ਅੰਗ ਅਤੇ ਟਿਸ਼ੂ ਦਾ ਦਾਨ ਇੱਕ ਵਿਕਲਪ ਬਣਦਾ ਹੈ।

2. ਹਰ ਕਿਸੇ ਦੀ ਇੱਕ ਅੰਗ ਦਾਨੀ ਅਤੇ/ਜਾਂ ਟਿਸ਼ੂ ਦਾਨੀ ਬਣਨ ਦੀ ਸੰਭਾਵਨਾ ਹੁੰਦੀ ਹੈ ਚਾਹੇ ਉਹਨਾਂ ਦੀ ਉਮਰ ਜਾਂ ਸੇਹਤ ਜੋ ਵੀ ਹੋਵੇ।

3. ਜ਼ਿਆਦਾਤਰ ਧਰਮ ਅੰਗ ਅਤੇ ਟਿਸ਼ੂ ਦਾਨ ਦਾ ਸਮਰਥਨ ਕਰਦੇ ਹਨ ਜਾਂ ਕਿਸੇ ਵਿਅਕਤੀ ਵਿਸ਼ੇਸ਼ ਦੀ ਚੋਣ ਦਾ ਆਦਰ ਕਰਦੇ ਹਨ।

4. ਅੰਗ ਅਤੇ ਟਿਸ਼ੂ ਦਾ ਦਾਨ ਅੰਤਿਮ ਸੰਸਕਾਰ ਦੇ ਪ੍ਰਬੰਧਾਂ 'ਤੇ ਅਸਰ ਨਹੀਂ ਪਾਉਂਦਾ।

5. ਤੁਹਾਡੇ ਅੰਗ ਦਾਨ ਕਰਨ ਦੇ ਫੈਸਲੇ ਦਾ ਖੁਲਾਸਾ ਕੇਵਲ ਤੁਹਾਡੇ ਪਰਿਵਾਰ ਨਾਲ ਤੁਹਾਡੇ ਫੈਸਲੇ ਨੂੰ ਸਾਂਝਾ ਕਰਨ ਦੇ ਮਕਸਦ ਨਾਲ ਕੀਤਾ ਜਾਵੇਗਾ।

6. ਤੁਸੀਂ ਕਿਸੇ ਵੀ ਸਮੇਂ ਅੰਗ ਦਾਨ ਕਰਨ ਦੀ ਆਪਣੀ ਸਹਿਮਤੀ ਨੂੰ ਬਦਲ ਸਕਦੇ ਹੋ ਜਾਂ ਵਾਪਸ ਲੈ ਸਕਦੇ ਹੋ।

## "ਹਾਮੀ" ਦਾ ਪੰਜੀਕਰਨ ਕਰਵਾਉਣ ਨਾਲ ਫਰਕ ਪੈਂਦਾ ਹੈ।

ਹਰ ਤਿੰਨ ਦਿਨਾਂ ਬਾਅਦ, ਓਨਟਾਰੀਓ ਵਿੱਚ ਇੱਕ ਵਿਅਕਤੀ ਅੰਗ ਪ੍ਰਤੀਰੋਪਣ (organ transplant) ਦੀ ਉਡੀਕ ਕਰਦਾ ਮਰ ਜਾਂਦਾ ਹੈ ਕਿਉਂਕਿ ਸਾਡੇ ਵਿੱਚੋਂ ਲੋੜੀਂਦੇ ਸੰਖਿਆ ਦੇ ਲੋਕ ਪੰਜੀਕਿਰਤ ਦਾਨੀ ਨਹੀਂ ਹਨ। 16 ਸਾਲ ਅਤੇ ਇਸਤੋਂ ਵੱਧ ਉਮਰ ਦੇ 25% ਤੋਂ ਘੱਟ ਓਨਟਾਰੀਓ ਵਾਸੀਆਂ ਨੇ ਅਸਲ ਵਿੱਚ ਇੱਕ ਅੰਗ ਦਾਨੀ ਅਤੇ ਟਿਸ਼ੂ ਦਾਨੀ ਬਣਨ ਲਈ ਆਪਣੀ ਸਹਿਮਤੀ ਦਾ ਪੰਜੀਕਰਨ ਕਰਵਾਇਆ ਹੈ।

## ਪੰਜੀਕਰਨ ਕਰਵਾਉਣਾ ਆਸਾਨ ਹੈ।

ਤੁਸੀਂ ਪੰਜੀਕਰਨ ਨਿਮਨਲਿਖਤ ਤਰੀਕਿਆਂ ਨਾਲ ਕਰ ਸਕਦੇ ਹੋ:

- BeADonor.ca 'ਤੇ ਔਨਲਾਈਨ
- ਕਿਸੇ ਸਰਵਿਸਓਨਟਾਰੀਓ ਸੈਂਟਰ ਵਿਖੇ ਖੁਦ ਹਾਜ਼ਰ ਹੋਕੇ, ਜਾਂ
- ਗਿਫ਼ਟ ਆਫ ਲਾਈਫ਼ ਸਹਿਮਤੀ ਫਾਰਮ ਨੂੰ ਡਾਕ ਰਾਹੀਂ ਭੇਜਕੇ

## ਚਾਹੇ ਤੁਸੀਂ ਕੋਈ ਦਾਨੀ ਕਾਰਡ 'ਤੇ ਦਸਤਖ਼ਤ ਵੀ ਕੀਤੇ ਹਨ, ਤਾਂ ਵੀ ਪੰਜੀਕਰਨ ਕਰੋ।

ਇੱਕ ਦਸਤਖ਼ਤ ਕੀਤੇ ਦਾਨੀ ਕਾਰਡ ਨੂੰ ਮਿਨਿਸਟਰੀ ਆਫ ਹੈਲਥ ਐਂਡ ਲੌਂਗ-ਟਰਮ ਕੇਅਰ ਦੇ ਡੈਟਾਬੇਸ ਵਿੱਚ ਰਿਕਾਰਡ ਨਹੀਂ ਕੀਤਾ ਜਾਂਦਾ ਅਤੇ ਹੋ ਸਕਦਾ ਹੈ ਇਹ ਉਸ ਸਮੇਂ ਉਪਲਬਧ ਨਾ ਹੋਵੇ ਜਦ ਲੋੜ ਪੈਂਦੀ ਹੈ। ਜਿੰਦਗੀਆਂ ਬਚਾਉਣ ਦੇ ਤੁਹਾਡੇ ਫੈਸਲੇ ਦਾ ਖੁਲਾਸਾ ਕਰਨ ਵਾਸਤੇ ਅੰਗ ਅਤੇ ਟਿਸ਼ੂ ਦਾਨੀ ਵਜੋਂ ਪੰਜੀਕਰਨ ਹੀ ਇੱਕੋ ਇੱਕ ਸੁਰੱਖਿਅਤ ਅਤੇ ਗਰੰਟੀਸ਼ੁਦਾ ਤਰੀਕਾ ਹੈ।

**ਟਰਿਲੀਅਮ ਗਿਫ਼ਟ ਆਫ ਲਾਈਫ਼ ਨੈੱਟਵਰਕ** ਓਨਟਾਰੀਓ ਸਰਕਾਰ ਦਾ ਇੱਕ ਗੈਰ-ਮੁਨਾਫਾ ਅਦਾਰਾ ਹੈ ਅਤੇ ਇਹ ਓਨਟਾਰੀਓ ਭਰ ਵਿੱਚ ਅੰਗ ਅਤੇ ਟਿਸ਼ੂ ਦਾਨ ਅਤੇ ਪ੍ਰਤੀਰੋਪਣ (transplantation) ਦੀ ਯੋਜਨਾਬੰਦੀ ਬਣਾਉਣ, ਇਸਨੂੰ ਉਤਸ਼ਾਹਤ ਕਰਨ, ਇਸ ਵਿੱਚ ਤਾਲਮੇਲ ਬਿਠਾਉਣ ਅਤੇ ਇਸ ਵਿੱਚ ਸਹਾਇਤਾ ਕਰਨ ਲਈ ਅਤੇ ਪ੍ਰਣਾਲੀ ਵਿੱਚ ਸੁਧਾਰ ਕਰਨ ਲਈ ਜਿੰਮੇਵਾਰ ਹੈ ਤਾਂ ਜੋ ਵਧੇਰੇ ਜਿੰਦਗੀਆਂ ਨੂੰ ਬਚਾਇਆ ਜਾ ਸਕੇ।

**ਪੰਜੀਕਰਨ ਕਰਨ ਜਾਂ ਵਧੇਰੇ ਜਾਣਨ ਲਈ, ਦੇਖੋ**

**beadonor.ca**

**ਜਾਂ ਕਾਲ ਕਰੋ** 1-800-263-2833



# Register today to be an organ and tissue donor.

**beadonor.ca**



ServiceOntario | Ontario
Trillium Gift of Life Network

## Register online today to be an organ and tissue donor.

One donor can save up to eight lives and enhance as many as 75 more. **A few facts...**

1. The first and foremost duty of health care professionals is to save a life. Only when a life cannot be saved does organ and tissue donation become an option.
2. Everyone has the potential to be an organ and/or tissue donor regardless of age or health.
3. Most religions support organ and tissue donation or respect an individual's choice.
4. Organ and tissue donation should not impact funeral arrangements.
5. Your donation decision will only be disclosed for the purpose of sharing your decision with your family.
6. You can change or withdraw your consent to donate at any time.

## Registering "Yes" makes a difference.

Every three days, one person in Ontario dies while waiting for an organ transplant because not enough of us are registered donors. Fewer than 25% of Ontarians 16 and older have actually registered their consent to be an organ and tissue donor.

## Registering is EASY.

You can register:

- Online at BeADonor.ca
- In person at any ServiceOntario centre, or
- By mailing the Gift of Life consent form

## Register, even if you signed a donor card.

A signed donor card is not recorded in the Ministry of Health and Long-Term Care's database and may not be available when needed. Organ and tissue donor registration is the only secure and guaranteed way to make your decision to save lives known.

**Trillium Gift of Life Network** is a not for-profit agency of the Government of Ontario and is responsible for planning, promoting, coordinating and supporting organ and tissue donation and transplantation across Ontario and improving the system so that more lives can be saved.

**To register or to learn more, visit**
**beadonor.ca**
**or call 1-800-263-2833.**



English – March 2014